# ਬ੍ਰੈਂਪਟਨ:
# ਇੱਕ ਕਲਾਤਮਕ ਭਵਿੱਖ

## ਬ੍ਰੈਂਪਟਨ ਸ਼ਹਿਰ ਦੀ ਪਬਲਿਕ ਆਰਟ ਸਬੰਧੀ ਰਣਨੀਤੀ

ਬ੍ਰੈਂਪਟਨ ਸ਼ਹਿਰ ਵੱਲੋਂ ਪਬਲਿਕ ਆਰਟ (Public art) ਨੂੰ, ਜੀਵੰਤ, ਖੁਸ਼ਹਾਲ ਅਤੇ ਸ਼ਮੂਲੀਅਤ ਵਾਲੇ ਸ਼ਹਿਰ ਬਣਾਉਣ ਵਿੱਚ ਇੱਕ ਬਹੁਮੁੱਲੇ ਸਾਧਨ ਵਜੋਂ ਮਾਨਤਾ ਦਿੱਤੀ ਗਈ ਹੈ।

ਇਹ ਰਣਨੀਤੀ ਬ੍ਰੈਂਪਟਨ ਦੀ ਰਚਨਾਤਮਕ ਕਮਿਊਨਿਟੀ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਪਬਲਿਕ ਆਰਟ ਪ੍ਰੋਜੈਕਟਾਂ ਰਾਹੀਂ ਸਹਾਇਤਾ ਕਰਦੀ ਹੈ, ਜੋ ਰਿਹਾਇਸ਼ੀ ਪ੍ਰੋਗਰਾਮ, ਮੈਨਟਰਸ਼ਿਪ, ਟ੍ਰੇਨਿੰਗ ਅਤੇ ਮੌਕੇ ਪ੍ਰਦਾਨ ਕਰਦੇ ਹਨ।

ਬ੍ਰੈਂਪਟਨ: ਇੱਕ ਕਲਾਤਮਕ ਭਵਿੱਖ (Brampton: An Artful Future) ਵਿੱਚ ਸੱਤ ਰਣਨੀਤਿਕ ਸਤੰਭ ਸ਼ਾਮਲ ਹਨ:

ਵੰਨ-ਸੁਵੰਨਤਾ ਅਤੇ ਸ਼ਮੂਲੀਅਤ
ਕਮਿਊਨਿਟੀ ਨਾਲ ਜੋੜ
ਰੀਕਨਸਿਲੀਏਸ਼ਨ ਅਤੇ ਇੰਡਿਜਿਨਾਈਜ਼ੇਸ਼ਨ
ਪਹੁੰਚਯੋਗਤਾ
ਰਚਨਾਤਮਕਤਾ ਅਤੇ ਨਵੀਨਤਾ ਦੀ ਹਿਮਾਇਤ
ਸਹਿਯੋਗ
ਲਗਾਤਾਰ ਨਿਵੇਸ਼

ਰਣਨੀਤੀ ਬਾਰੇ ਵਧੇਰੇ ਜਾਣਕਾਰੀ ਲਈ,
**brampton.ca/**publicart ‘ਤੇ ਜਾਓ।

BRAMPTON



Punjabi

### ਜਿੱਥੇ ਸੱਭਿਆਚਾਰ ਕਮਿਊਨਿਟੀ ਨਾਲ ਮਿਲਦਾ ਹੈ

# ਬ੍ਰੈਂਪਟਨ ਦੀ ਪਬਲਿਕ ਆਰਟ ਦੀ ਪੜਚੋਲ ਕਰੋ

**ਮਾਈ ਨੇਬਰਹੁੱਡ ਆਰਟ ਪ੍ਰੋਜੈਕਟ (My Neighbourhood Art Project)**

ਇਹ ਪ੍ਰੋਗਰਾਮ ਨਿਵਾਸੀਆਂ ਅਤੇ ਕਲਾਕਾਰਾਂ ਨੂੰ ਇਕੱਠੇ ਲਿਆਉਂਦਾ ਹੈ ਤਾਂ ਜੋ ਬ੍ਰੈਂਪਟਨ ਦੀਆਂ ਕਮਿਊਨਿਟੀਜ਼ ਵਿੱਚ ਅਸਥਾਈ ਪਬਲਿਕ ਕਲਾ ਰਚੀ ਜਾ ਸਕੇ। ਕਲਾਕਾਰਾਂ ਦੀ ਅਗਵਾਈ ਹੇਠ ਵਰਕਸ਼ਾਪਾਂ ਰਾਹੀਂ ਹਰ ਉਮਰ ਦੇ ਲੋਕ ਆਪਣੇ ਵਿਚਾਰ ਅਤੇ ਰਚਨਾਤਮਕਤਾ ਸਾਂਝੀ ਕਰਦੇ ਹਨ, ਜੋ ਸੁੰਦਰ ਕਲਾ ਰਚਨਾਵਾਂ ਨੂੰ ਜਨਮ ਦਿੰਦੀ ਹੈ।

**ਬ੍ਰੈਂਪਟਨ ਬੌਕਸਡ – ਟ੍ਰੈਫਿਕ ਬੌਕਸ ਆਰਟ ਪ੍ਰੋਗਰਾਮ (Brampton BOXED – Traffic Box Art Program)**

ਇਸ ਪ੍ਰੋਗਰਾਮ ਵਿੱਚ ਉਭਰਦੇ ਕਲਾਕਾਰਾਂ ਨੂੰ ਟ੍ਰੈਫਿਕ ਕੰਟਰੋਲ ਬਾਕਸਾਂ ਨੂੰ ਸਜਾਉਣ ਲਈ ਪਬਲਿਕ ਆਰਟ ਬਣਾਉਣ ਦਾ ਮੌਕਾ ਮਿਲਦਾ ਹੈ। ਇਹ ਕਲਾ ਸ਼ਹਿਰ ਦੀ ਵਿਲੱਖਣ ਪਛਾਣ ਅਤੇ ਕਹਾਣੀਆਂ ਨੂੰ ਦਰਸਾਉਂਦੀ ਹੈ।

**ਟ੍ਰੇਲਸ ਅਤੇ ਰਸਤਿਆਂ ਦੇ ਨਾਲ-ਨਾਲ ਪਬਲਿਕ ਆਰਟ**

ਪਬਲਿਕ ਆਰਟ ਦੀ ਇਹ ਪਹਿਲਕਦਮੀ, ਲੋਕਾਂ ਨੂੰ ਸ਼ਹਿਰ ਦੇ ਪਾਰਕਾਂ ਅਤੇ ਟ੍ਰੇਲਸ ਸਿਸਟਮ ਵਿੱਚ ਲਗਾਈਆਂ, ਕਈ ਤਰ੍ਹਾਂ ਦੀਆਂ ਥਾਂ-ਵਿਸ਼ੇਸ਼, ਅਸਥਾਈ ਕਲਾਕ੍ਰਿਤੀਆਂ ਦੇਖਣ ਲਈ ਸੱਦਾ ਦਿੰਦੀ ਹੈ। ਇਹ ਕਲਾਕ੍ਰਿਤੀਆਂ, ਇਹਨਾਂ ਥਾਵਾਂ ਵਿੱਚ ਸ਼ਾਨਦਾਰ ਦ੍ਰਿਸ਼ ਸ਼ਾਮਲ ਕਰਦੀਆਂ ਹਨ, ਤਾਂ ਜੋ ਉੱਥੋਂ ਲੰਘਣ ਵਾਲੇ ਲੋਕ ਉਨ੍ਹਾਂ ਦਾ ਨਜ਼ਾਰਾ ਲੈ ਸਕਣ।

**ਕਨਵੀਨੀਐਂਟ ਆਰਟ**

8 ਨੈਲਸਨ (8 Nelson) ਦੀ ਮੁੱਖ ਮੰਜ਼ਲ ‘ਤੇ ਖਾਲੀ ਸਟੋਰ ਦੇ ਮੂਹਰਲੇ ਹਿੱਸੇ ਵਿੱਚ ਸਥਿਤ, ਕਨਵੀਨੀਐਂਟ ਆਰਟ (Convenient Art) ਇੱਕ ਅਸਥਾਈ ਪ੍ਰਦਰਸ਼ਨੀ ਥਾਂ ਹੈ, ਜੋ ਬ੍ਰੈਂਪਟਨ ਦੇ ਉੱਭਰਦੇ ਕਲਾਕਾਰਾਂ ਦੀ ਹਿਮਾਇਤ ਕਰਦੀ ਹੈ। ਇੱਥੇ ਲੱਗੀ ਕਲਾ 24/7 ਖਿੜਕੀਆਂ ਰਾਹੀਂ ਵੇਖੀ ਜਾ ਸਕਦੀ ਹੈ।

ਇਹਨਾਂ ਸਾਲਾਨਾ ਪ੍ਰੋਗਰਾਮਾਂ ਤੋਂ ਇਲਾਵਾ, ਸ਼ਹਿਰ ਕੋਲ **ਪਬਲਿਕ ਆਰਟ ਇੰਸਟਾਲੇਸ਼ਨਸ (Public Art Installations), ਕੰਧ ਚਿੱਤਰਾਂ (Murals), ਸਮਾਰਕਾਂ (Monuments) ਅਤੇ ਮੈਮੋਰੀਅਲਸ (Memorials)** ਦਾ ਸ਼ਾਨਦਾਰ ਕਲੈਕਸ਼ਨ ਵੀ ਹੈ।

**brampton.ca/**publicart

BRAMPTON